




ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post








To view our online newspaper visit **punjabipost.ca/epaper** | Vol 22* Issue 89 | Monday, May 08, 2023 | Tel: 905-793-2202 | Fax: 905-793-2282 | news@punjabipost.ca | *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*


# ਇਲੈਕਟੋਰਲ ਸੁਧਾਰ ਕਰਨਾ ਅਜੇ ਸਾਡੀ ਤਰਜੀਹ ਨਹੀਂ : ਟਰੂਡੋ

ਓਟਵਾ, 7 ਮਈ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇਲੈਕਟੋਰਲ ਸੁਧਾਰਾਂ ਵੱਲ ਬਹੁਤਾ ਧਿਆਨ ਕੇਂਦਰਿਤ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਹਾਲਾਂਕਿ ਪਾਰਟੀ ਮੈਂਬਰਸ਼ਿਪ ਵੱਲੋਂ ਇਸ ਮੁੱਦੇ ਦੀ ਜਾਂਚ ਨੈਸ਼ਨਲ ਕਾਊਂਸਲ ਤੋਂ ਕਰਵਾਉਣ ਦੀ ਮੰਗ ਕੀਤੀ ਜਾ ਰਹੀ ਹੈ।



ਇਸ ਵੀਕੈਂਡ ਗ੍ਰਾਸਰੂਟ ਲਿਬਰਲਾਂ ਵੱਲੋਂ ਇਸ ਮਤੇ ਦੇ ਪੱਖ ਵਿੱਚ ਵੋਟ ਕੀਤੀ ਗਈ ਜਿਸ ਵਿੱਚ ਇਲੈਕਟੋਰਲ ਸੁਧਾਰਾਂ ਦੇ ਮੁੱਦੇ ਉੱਤੇ ਨੈਸ਼ਨਲ ਸਿਟੀਜ਼ਨਜ਼ ਅਸੈਂਬਲੀ ਤਿਆਰ ਕਰਨ ਦੀ ਸਰਕਾਰ ਤੋਂ ਮੰਗ ਕੀਤੀ ਜਾ ਰਹੀ ਸੀ। ਪ੍ਰਸਤਾਵ ਵਿੱਚ ਪਾਇਆ ਗਿਆ ਕਿ ਇਹ ਵਿਚਾਰ 2014 ਤੋਂ ਪਾਰਟੀ ਬੁੱਕਸ ਵਿੱਚ ਹੈ ਤੇ ਟਰੂਡੋ ਨੇ 2015 ਦੀਆਂ ਚੋਣਾਂ ਵੀ ਫਰਸਟ-ਪਾਸਟ-ਦ-ਪੋਸਟ ਇਲੈਕਟੋਰਲ ਸਿਸਟਮ ਨੂੰ ਖ਼ਤਮ ਕਰਨ ਦੇ ਵਾਅਦੇ ਨਾਲ ਹੀ ਜਿੱਤੀਆਂ ਸਨ।

ਲੰਡਨ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਇਸ ਸਮੇਂ ਉਨ੍ਹਾਂ ਦਾ ਧਿਆਨ ਬਹੁਤਾ ਕਰਕੇ ਅਰਥਚਾਰੇ ਉੱਤੇ ਕੇਂਦਰਿਤ ਹੈ। ਉਨਾਂ ਆਖਿਆ ਕਿ ਉਹ ਇਲੈਕਟੋਰਲ ਸੁਧਾਰਾਂ ਵੱਲ ਜ਼ਰੂਰ ਅੱਗੇ ਵਧਣਾ ਚਾਹੁਣਗੇ ਬਸ਼ਰਤੇ ਕਿਸੇ ਹੋਰ ਮਾਡਲ ਬਾਰੇ ਆਮ ਰਾਇ ਬਣੇ।

# ਘਾਤਕ ਸ਼ੂਟਿੰਗ ਦੇ ਮਾਮਲੇ ਵਿੱਚ ਦੋ ਗ੍ਰਿਫਤਾਰ

ਟੋਰਾਂਟੋ, 7 ਮਈ (ਪੋਸਟ ਬਿਊਰੋ) : ਪਿਛਲੇ ਮਹੀਨੇ ਨੌਰਥ ਯੌਰਕ ਦੇ ਬਾਰ ਵਿੱਚ ਵਾਪਰੀ ਸ਼ੂਟਿੰਗ ਦੀ ਘਟਨਾ ਵਿੱਚ ਮਾਰੇ ਗਏ ਇੱਕ 47 ਸਾਲਾ ਵਿਅਕਤੀ ਦੇ ਮਾਮਲੇ ਦੇ ਸਬੰਧ ਵਿੱਚ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ 21 ਅਪਰੈਲ ਨੂੰ ਰਾਤੀਂ 10:00 ਵਜੇ ਤੋਂ ਬਾਅਦ ਸਟੀਲਜ਼ ਐਵਨਿਊ ਵੈਸਟ ਦੇ ਦੱਖਣ ਵੱਲ ਇਸਲਿੰਗਟਨ ਐਵਨਿਊ ਉੱਤੇ ਸਥਿਤ ਐਵੇਲੀਨੋਸੋਸ਼ਲ ਕਲੱਬ ਵਿੱਚ ਚੱਲੀਆਂ ਗੋਲੀਆਂ ਕਾਰਨ ਪੁਲਿਸ ਨੂੰ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ। ਉਸ ਨੂੰ ਬਚਾਉਣ ਦੀ ਕਾਫੀ ਕੋਸ਼ਿਸ਼ ਕੀਤੀ ਗਈ ਪਰ ਮੌਕੇ ਉੱਤੇ ਹੀ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਬਾਅਦ ਵਿੱਚ ਉਸ ਦੀ ਪਛਾਣ ਟੋਰਾਂਟੋ ਦੇ ਰੌਬਰਟ ਖਾਨਾਨਿਸੋ ਵਜੋਂ ਕੀਤੀ ਗਈ। ਟੋਰਾਂਟੋ ਪੁਲਿਸ ਵੱਲੋਂ ਹੁਣ 23 ਸਾਲਾ ਸਟੀਵਨ ਨੋਨਾ ਤੇ 21 ਸਾਲਾ ਜੁਆਨ ਪਾਬਲੋਸੇਗੋਵੀਆ ਸੈਨਹੁਏਜ਼ਾ, ਦੋਵੇਂ ਹੀ ਟੋਰਾਂਟੋ ਦੇ ਹਨ, ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਇਨ੍ਹਾਂ ਉੱਤੇ ਫਰਸਟ ਡਿਗਰੀ ਮਰਡਰ ਦਾ ਚਾਰਜ ਲਾਇਆ ਗਿਆ ਹੈ।

# ਕੈਨੇਡਾ ਦੇ 20 ਡਾਲਰ ਦੇ ਨੋਟ ਤੇ ਸਿੱਕਿਆਂ ਉੱਤੇ ਨਜ਼ਰ ਆਵੇਗੀ ਕਿੰਗ ਚਾਰਲਸ ਦੀ ਤਸਵੀਰ

ਓਟਵਾ, 7 ਮਈ (ਪੋਸਟ ਬਿਊਰੋ) : ਲੰਡਨ ਵਿੱਚ ਕਿੰਗ ਚਾਰਲਸ ਦੀ ਤਾਜਪੋਸ਼ੀ ਦੇ ਜਸ਼ਨਾਂ ਦਰਮਿਆਨ ਫੈਡਰਲ ਸਰਕਾਰ ਵੱਲੋਂ ਐਲਾਨ ਕੀਤਾ ਗਿਆ ਕਿ ਕੈਨੇਡਾ ਦੇ 20 ਡਾਲਰ ਦੇ ਨੋਟ ਤੇ ਸਿੱਕਿਆਂ ਉੱਤੇ ਕਿੰਗ ਚਾਰਲਸ ਦੀ ਤਸਵੀਰ ਨਜ਼ਰ ਆਵੇਗੀ।




ਸ਼ਨਿੱਚਰਵਾਰ ਨੂੰ ਕਿੰਗ ਚਾਰਲਸ ਦੀ ਤਾਜਪੋਸ਼ੀ ਦੌਰਾਨ ਬੈਂਕ ਆਫ ਕੈਨੇਡਾ ਨੇ ਆਖਿਆ ਕਿ ਅਗਲੇ ਡਿਜ਼ਾਈਨ ਵਿੱਚ ਮਹਾਰਾਣੀ ਐਲਿਜ਼ਾਬੈੱਥ ਦੇ ਪੋਰਟਰੇਟ ਦੀ ਥਾਂ ਉੱਤੇ ਕਿੰਗ ਚਾਰਲਸ ਦੀ ਤਸਵੀਰ 20 ਡਾਲਰ ਦੇ ਬਿੱਲ ਉੱਤੇ ਨਜ਼ਰ ਆਵੇਗੀ। ਰੌਇਲ ਕੈਨੇਡੀਅਨ ਮਿੰਟ ਵੱਲੋਂ ਕੈਨੇਡੀਅਨ ਸਿੱਕਿਆਂ ਨੂੰ ਮੁੜ ਡਿਜ਼ਾਈਨ ਕੀਤਾ ਜਾਵੇਗਾ ਤੇ ਸਿੱਕਿਆਂ ਉੱਤੇ ਵੀ ਕਿੰਗ ਚਾਰਲਸ ਦੀ ਤਸਵੀਰ ਖੁਣੀ ਜਾਵੇਗੀ। ਇਸ ਤਰ੍ਹਾਂ ਕੈਨੇਡੀਅਨ ਸਿੱਕਿਆਂ ਉੱਤੇ ਬ੍ਰਿਟੇਨ ਦੇ ਤਤਕਾਲੀ ਰਾਜਾ ਜਾਂ ਰਾਣੀ ਦੀ ਤਸਵੀਰ ਖੁਣੇ ਜਾਣ ਦੀ ਸਦੀਆਂ ਪੁਰਾਣੀ ਰਵਾਇਤ ਨੂੰ ਬਰਕਰਾਰ ਰੱਖਿਆ ਜਾਵੇਗਾ।

ਅਜੇ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ ਕਿ ਇਨ੍ਹਾਂ ਰੀਡਿਜ਼ਾਈਨ ਕਰਨ ਦੀ ਪ੍ਰਕਿਰਿਆ ਕਦੋਂ ਸਿਰੇ ਚੜ੍ਹਾਈ ਜਾਵੇਗੀ। ਪਰ ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਕੈਨੇਡੀਅਨਜ਼ ਨੂੰ ਸਿੱਕਿਆਂ ਵਿੱਚ ਕਿੰਗ ਚਾਰਲਸ ਦੀ ਤਸਵੀਰ ਜਲਦ ਹੀ ਵੇਖਣ ਨੂੰ ਮਿਲੇਗੀ ਪਰ 20 ਡਾਲਰ ਦੇ ਨੋਟਾਂ ਉੱਤੇ ਇਸ ਡਿਜ਼ਾਈਨ ਨੂੰ ਉਕੇਰਨ ਵਿੱਚ ਅਜੇ ਕੁੱਝ ਸਾਲਾਂ ਦਾ ਸਮਾਂ ਲੱਗੇਗਾ। ਇਸ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇੱਕ ਨਿਊਜ਼ ਰਲੀਜ਼ ਵਿੱਚ ਆਖਿਆ ਕਿ ਫੈਡਰਲ ਸਰਕਾਰ ਵੱਲੋਂ ਬੈਂਕ ਆਫ ਕੈਨੇਡਾ ਤੇ ਰੌਇਲ ਕੈਨੇਡੀਅਨ ਮਿੰਟ ਨੂੰ ਇਹ ਡਿਜ਼ਾਈਨ ਤਿਆਰ ਕਰਨ ਦੀ ਹਦਾਇਤ ਦੇ ਦਿੱਤੀ ਗਈ ਹੈ। ਪਰ ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਸ ਦੌਰਾਨ ਮੌਜੂਦਾ ਸਿੱਕੇ ਤੇ 20 ਡਾਲਰ ਦੇ ਨੋਟ, ਜਿਨ੍ਹਾਂ ਉੱਤੇ ਮਹਾਰਾਣੀ ਐਲਿਜ਼ਾਬੈੱਥ ਦੀ ਤਸਵੀਰ ਛਪੀ ਹੁੰਦੀ ਹੈ, ਬਾਦਸਤੂਰ ਚੱਲਦੇ ਰਹਿਣਗੇ।

# ਟੈਕਸਸ ਦੇ ਬੱਸ ਸਟੌਪ ਉੱਤੇ ਐਸਯੂਵੀ ਲੋਕਾਂ ਉੱਤੇ ਚੜ੍ਹੀ, 7 ਹਲਾਕ, 10 ਜ਼ਖ਼ਮੀ



ਬ੍ਰਾਊਨਜ਼ਵਿੱਲ, ਟੈਕਸਸ, 7 ਮਈ (ਪੋਸਟ ਬਿਊਰੋ) : ਬ੍ਰਾਊਨਜ਼ਵਿੱਲ, ਟੈਕਸਸ ਵਿੱਚ ਮਾਈਗ੍ਰੈਂਟ ਸ਼ੈਲਟਰ ਦੇ ਬਾਹਰ ਸਥਿਤ ਬੱਸ ਸਟੌਪ ਉੱਤੇ ਬੱਸ ਦੀ ਉਡੀਕ ਕਰ ਰਹੇ ਲੋਕਾਂ ਉੱਤੇ ਇੱਕ ਵਿਅਕਤੀ ਵੱਲੋਂ ਐਸਯੂਵੀ ਚੜ੍ਹਾ ਦਿੱਤੇ ਜਾਣ ਕਾਰਨ ਸੱਤ ਵਿਅਕਤੀਆਂ ਦੀ ਮੌਤ ਹੋ ਗਈ ਤੇ ਘੱਟੋ ਘੱਟ 10 ਵਿਅਕਤੀ ਜ਼ਖ਼ਮੀ ਹੋ ਗਏ।

ਬਿਸ਼ਪ ਐਨਰਿਕ ਸੈਨ ਪੈਡਰੋ ਓਜਾਨੈਮ ਸੈਂਟਰ ਦੇ ਸ਼ੈਲਟਰ ਡਾਇਰੈਕਟਰ ਵਿਕਟਰ ਮਾਲਡੋਨਾਡੋ ਨੇ ਦੱਸਿਆ ਕਿ ਐਤਵਾਰ ਸਵੇਰੇ ਹਾਦਸੇ ਦੀ ਖਬਰ ਮਿਲਣ ਤੋਂ ਬਾਅਦ ਉਨ੍ਹਾਂ ਵੱਲੋਂ ਸ਼ੈਲਟਰ ਦੀ ਸਰਵੇਲੈਂਸ ਵੀਡੀਓ ਦਾ ਮੁਲਾਂਕਣ ਕੀਤਾ ਗਿਆ। ਉਨ੍ਹਾਂ ਆਖਿਆ ਕਿ ਵੇਖਣ ਵਿੱਚ ਆਇਆ ਕਿ ਐਸਯੂਵੀ, ਜੋ ਕਿ ਰੇਂਜ ਰੋਵਰ ਸੀ, ਨੇ 100 ਫੁੱਟ ਦੀ ਦੂਰੀ ਉੱਤੇ ਸਥਿਤ ਰੈੱਡ ਲਾਈਟ ਜੰਪ ਕੀਤੀ ਤੇ ਬੱਸ ਸਟੌਪ ਉੱਤੇ ਮੌਜੂਦ ਲੋਕਾਂ ਉੱਤੇ ਆ ਚੜ੍ਹੀ।

ਮਾਲਡੋਨਾਡੋ ਨੇ ਦੱਸਿਆ ਕਿ ਸਿਟੀ ਦਾ ਇਹ ਬੱਸ ਸਟੌਪ ਸ਼ੈਲਟਰ ਤੋਂ ਪਰ੍ਹੇ ਹੈ ਤੇ ਸੜਕ ਦੇ ਦੂਜੇ ਪਾਸੇ ਹੈ ਤੇ ਇਸ ਨੂੰ ਮਾਰਕ ਵੀ ਨਹੀਂ ਕੀਤਾ ਗਿਆ। ...ਬਾਕੀ ਪੰਨਾ 2 'ਤੇ




















































# ਟੈਕਸਸ ਦੇ ਬੱਸ ਸਟੌਪ ਉੱਤੇ ਐਸਯੂਵੀ ਲੋਕਾਂ ਉੱਤੇ ਚੜ੍ਹੀ, 7 ਹਲਾਕ, 10 ਜ਼ਖ਼ਮੀ

ਪੰਨਾ 1 ਦਾ ਬਾਕੀ

ਉੱਥੇ ਕੋਈ ਬੈਂਚ ਵੀ ਨਹੀਂ ਸੀ ਤੇ ਉੱਥੇ ਬੱਸ ਦੀ ਉਡੀਕ ਕਰ ਰਹੇ ਲੋਕ ਮੋੜ ਦੇ ਨਾਲ ਹੀ ਬੈਠੇ ਹੋਏ ਸਨ। ਇਸ ਹਾਦਸੇ ਦਾ ਸ਼ਿਕਾਰ ਬਹੁਤੇ ਲੋਕ ਵੈਨੇਜ਼ੁਏਲਾ ਤੋਂ ਸਨ। ਉਨ੍ਹਾਂ ਦੱਸਿਆ ਕਿ ਮੋੜ ਉੱਤੇ ਲੋਕਾਂ ਉੱਤੇ ਚੜ੍ਹ ਜਾਣ ਤੋਂ ਬਾਅਦ ਗੱਡੀ ਪਲਟ ਗਈ ਤੇ 200 ਫੁੱਟ ਤੱਕ ਘਿਸਟਦੀ ਗਈ। ਕੁੱਝ ਲੋਕ ਜਿਹੜੇ ਹਾਦਸੇ ਵਾਲੀ ਥਾਂ ਤੋਂ 30 ਫੁੱਟ ਦੀ ਦੂਰੀ ਉੱਤੇ ਤੁਰੇ ਜਾ ਰਹੇ ਸਨ, ਉਹ ਵੀ ਉਸ ਦਾ ਸ਼ਿਕਾਰ ਬਣ ਗਏ। ਬ੍ਰਾਊਨਜ਼ਵਿੱਲ ਪੁਲਿਸ ਜਾਂਚਕਾਰ ਮਾਰਟਿਨ ਸੈਂਡੋਵਲ ਨੇ ਦੱਸਿਆ ਕਿ ਇਹ ਹਾਦਸਾ ਸਵੇਰੇ 8:30 ਵਜੇ ਦੇ ਨੇੜੇ ਤੇੜੇ ਵਾਪਰਿਆ ਤੇ ਪੁਲਿਸ ਅਜੇ ਤੱਕ ਇਹ ਪਤਾ ਨਹੀਂ ਲਗਾ ਸਕੀ ਹੈ ਕਿ ਡਰਾਈਵਰ ਵੱਲੋਂ ਜਾਣਬੁੱਝ ਕੇ ਇਸ ਹਾਦਸੇ ਨੂੰ ਅੰਜਾਮ ਦਿੱਤਾ ਗਿਆ ਜਾਂ ਨਹੀਂ। ਉਨ੍ਹਾਂ ਆਖਿਆ ਕਿ ਪੁਲਿਸ ਹਾਦਸੇ ਦੇ ਤਿੰਨ ਕਾਰਨ ਮੰਨ ਕੇ ਚੱਲ ਰਹੀ ਹੈ, ਪਹਿਲਾ ਨਸ਼ਾ ਕਰਕੇ ਗੱਡੀ ਚਲਾਉਣੀ, ਦੂਜਾ ਐਕਸੀਡੈਂਟ ਤੇ ਤੀਜਾ ਜਾਣਬੁੱਝ ਕੇ ਕੀਤਾ ਗਿਆ ਹਾਦਸਾ। ਗੱਡੀ ਪਲਟ ਜਾਣ ਕਾਰਨ ਡਰਾਈਵਰ ਜ਼ਖ਼ਮੀ ਹੋ ਗਿਆ ਤੇ ਇਲਾਜ ਲਈ ਉਸ ਨੂੰ ਹਸਪਤਾਲ ਲਿਜਾਇਆ ਗਿਆ। ਗੱਡੀ ਵਿੱਚ ਕੋਈ ਵੀ ਪੈਸੰਜਰ ਮੌਜੂਦ ਨਹੀਂ ਸੀ। ਪੁਲਿਸ ਅਜੇ ਡਰਾਈਵਰ ਦਾ ਨਾਂ, ਉਮਰ ਜਾਂ ਕਿਸੇ ਹੋਰ ਵੇਰਵੇ ਬਾਰੇ ਪਤਾ ਨਹੀਂ ਲਗਾ ਸਕੀ ਹੈ। ਉਨ੍ਹਾਂ ਦੱਸਿਆ ਕਿ ਹਸਪਤਾਲ ਵਿੱਚ ਡਰਾਈਵਰ ਉੱਕਾ ਵੀ ਸਹਿਯੋਗ ਨਹੀਂ ਸੀ ਕਰ ਰਿਹਾ। ਪਰ ਜਲਦ ਹੀ ਉਸ ਨੂੰ ਹਸਪਤਾਲ ਤੋਂ ਡਿਸਚਾਰਜ ਕੀਤੇ ਜਾਣ ਤੋਂ ਬਾਅਦ ਸਿਟੀ ਦੀ ਜੇਲ੍ਹ ਲਿਆਂਦਾ ਜਾਵੇਗਾ ਤੇ ਫਿਰ ਅਗਲੀ ਕਾਰਵਾਈ ਕੀਤੀ ਜਾਵੇਗੀ।

## ਅੱਜ ਨਾਮਾ

ਲੰਮਾ-ਚੌੜਾ ਈ ਭਾਰਤ ਦਾ ਦੇਸ਼ ਬਾਹਲਾ,
ਹਿੰਸਾ ਵਾਪਰਦੀ ਰਹਿੰਦੀ ਹੈ ਨਿੱਤ ਮੀਆਂ।
ਕਦੀ ਉੱਭਰਦਾ ਮੁੱਦਾ ਹੈ ਜਾਇਜ਼ ਲੱਗਦਾ,
ਸੁਣੀਂਦੀ ਕਦੀ ਫਿਰ ਨਿਰੀ ਘਤਿੱਤ ਮੀਆਂ।
ਚੜ੍ਹਿਆ ਜਿਹੜਿਆਂ ਸਿਰਾਂ ਨੂੰ ਖੂਨ ਹੁੰਦਾ,
ਕਦੀ ਨਾ ਹੋਏ ਆ ਕਿਸੇ ਦੇ ਮਿੱਤ ਮੀਆਂ।
ਮਰਦੇ ਲੋਕ ਤਾਂ ਪਿੱਛੋਂ ਨਹੀਂ ਪਤਾ ਲੱਗਦਾ,
ਹੋਈ ਹਾਰ ਕੀਹਦੀ,ਕੀਹਦੀ ਜਿੱਤ ਮੀਆਂ।
ਜਿਹੜਿਆਂ ਲੋਕਾਂ ਦੇ ਹੱਥੀਂ ਆ ਵਾਗ ਹੁੰਦੀ,
ਕਰਨ ਹਿੰਸਾ ਦਾ ਫਿਕਰਉਹ ਘੱਟ ਮੀਆਂ।
ਬਹੁਤੀ ਵਾਰ ਸਿਆਸਤ ਦੇ ਅਸਰ ਮਿਣਦੇ,
ਜਾਂਦੇ ਈ ਇਹਦੇ'ਚੋਂ ਖੱਟੀਆਂ ਖੱਟ ਮੀਆਂ।

**ਤੀਸ ਮਾਰ ਖਾਂ**



# ਸਕੂਲ ਪਾਠਕ੍ਰਮ 'ਚੋਂ ਸਾਜਿਸ਼ ਤਾਹਿਤ ਹਟਾਇਆ ਜਾ ਰਿਹੈ ਇਤਿਹਾਸ : ਕੁਲਤਾਰ ਸਿੰਘ ਸੰਧਵਾਂ

**ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ 300ਵੇਂ ਜਨਮ ਦਿਹਾੜੇ ਸਬੰਧੀ ਸਮਾਗਮਾਂ 'ਚ ਕੀਤੀ ਸ਼ਮੂਲੀਅਤ**
**-ਮਹਾਨ ਸਿੱਖ ਜਰਨੈਲ ਦੇ ਪਾਏ ਪੂਰਨਿਆਂ 'ਤੇ ਪਹਿਰਾ ਦੇਣ ਦੀ ਲੋੜ 'ਤੇ ਜ਼ੋਰ**
**-ਗੁਰਦੁਆਰਾ ਪ੍ਰਬੰਧ ਲਈ 2 ਲੱਖ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ**

ਐੱਸ.ਏ.ਐੱਸ. ਨਗਰ, 7 ਮਈ (ਗਿਆਨ ਸਿੰਘ): ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਖ਼ਦਸ਼ਾ ਜਤਾਇਆ ਕਿ ਵਿਦਿਆਰਥੀਆਂ ਨੂੰ ਆਪਣੇ ਸ਼ਾਨਾਮੱਤੇ ਇਤਿਹਾਸ ਤੋਂ ਵਿਰਵੇ ਕਰਨ ਲਈ ਸਕੂਲ ਪਾਠਕ੍ਰਮ 'ਚੋਂ ਸਾਜ਼ਿਸ਼ਿ ਤਾਹਿਤ ਇਤਿਹਾਸਕ ਘਟਨਾਵਾਂ, ਖ਼ਾਸਕਰ ਧਾਰਮਿਕ ਇਤਿਹਾਸ ਹਟਾਇਆ ਜਾ ਰਿਹਾ ਹੈ।

ਮੋਹਾਲੀ ਦੇ ਫ਼ੇਜ਼ 3ਬੀ-1 ਸਥਿਤ ਰਾਮਗੜ੍ਹੀਆ ਭਵਨ ਵਿਖੇ ਸਿੱਖ ਰਾਜ ਦੇ ਉਸਰੱਈਏ ਅਤੇ 18ਵੀਂ ਸਦੀ ਦੇ ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ 300ਵੇਂ ਜਨਮ ਦਿਹਾੜੇ ਸਬੰਧੀ ਰਾਮਗੜ੍ਹੀਆ ਸਭਾ ਮੋਹਾਲੀ ਵੱਲੋਂ ਕਰਵਾਏ ਗਏ ਸਮਾਗਮ 'ਚ ਸੰਗਤ ਨੂੰ ਸੰਬੋਧਨ ਕਰਦਿਆਂ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਰਬਾਬ ਤੋਂ ਰਣਜੀਤ ਨਗਾਰੇ ਤੱਕ ਦੇ ਸਿੱਖ ਇਤਿਹਾਸ ਨਾਲ ਵਿਦਿਆਰਥੀਆਂ ਨੂੰ ਜੋੜ ਕੇ ਰੱਖਣਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਕਿਹਾ ਕਿ ਆਪਣੇ ਇਤਿਹਾਸ ਅਤੇ ਗੁਰਬਾਣੀ ਨਾਲ ਜੁੜ ਕੇ ਜੇਕਰ ਬੱਚੇ ਚੰਗੇ ਇਨਸਾਨ ਬਣ ਗਏ ਤਾਂ ਜ਼ਿੰਦਗੀ ਦੇ ਬਾਕੀ ਪੜਾਅ ਵੀ ਉਹ ਸੁਖਾਲੇ ਹੀ ਸਰ ਕਰ ਲੈਣਗੇ। ਉਨ੍ਹਾਂ ਅਜਿਹੇ ਸਮਾਗਮਾਂ ਨੂੰ ਇਸ ਦਿਸ਼ਾ ਵਿੱਚ ਚੰਗੀ ਪਹਿਲ ਕਰਾਰ ਦਿੱਤਾ।

ਮਿਸਲਾਂ ਦੇ ਇਤਿਹਾਸ 'ਤੇ ਚਾਨਣਾ ਪਾਉਂਦਿਆਂ ਉਨ੍ਹਾਂ ਕਿਹਾ ਕਿ ਹਲੀਮੀ ਸਿੱਖ ਰਾਜ ਦਾ ਮੁੱਢ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੋਂ ਬੱਝਣਾ ਸ਼ੁਰੂ ਹੋ ਗਿਆ ਸੀ। ਉਨ੍ਹਾਂ ਕਿਹਾ ਕਿ ਉਦੋਂ ਸਿੱਖਾਂ ਦੀ ਗਿਣਤੀ ਮਹਿਜ਼ 6 ਫ਼ੀਸਦੀ ਸੀ ਅਤੇ ਸਿੱਖਾਂ ਨੇ ਵਿਸ਼ਾਲ ਸਿੱਖ ਰਾਜ ਖੜ੍ਹਾ ਕਰ ਲਿਆ ਸੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਵੱਲੋਂ ਬਖ਼ਸ਼ੀ ਗੁਰਬਾਣੀ ਉਦੋਂ ਹਰ ਘਰ ਵਿੱਚ ਸੀ ਅਤੇ ਸਿੱਖ ਬਾਣੀ-ਬਾਣੇ ਅਤੇ ਸਿਦਕ ਦੇ ਪੱਕੇ ਸਨ ਜਿਸ ਕਾਰਨ ਸਿੱਖਾਂ ਦੀ ਹਰ ਮੈਦਾਨ ਫ਼ਤਹਿ ਹੁੰਦੀ ਰਹੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਗੁਰੂ ਘਰ ਲਈ ਨਿਸ਼ਕਾਮ ਸੇਵਾ ਦਾ ਜ਼ਿਕਰ ਕਰਦਿਆਂ ਸ. ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਲਾਲ ਕਿਲ੍ਹਾ ਫ਼ਤਹਿ ਕਰਨ ਉਪਰੰਤ ਉਨ੍ਹਾਂ ਨੇ ਗੁਰੂ ਘਰਾਂ ਨੂੰ ਉਸਾਰਨ ਵੱਲ ਤਰਜੀਹ ਦਿੱਤੀ ਨਾਕਿ ਸਿਰਫ਼ ਆਪਣੇ ਲਈ ਪੈਸਾ ਜੋੜਿਆ।

ਸੰਧਵਾਂ ਨੇ ਕਿਹਾ ਕਿ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜਿਹੇ ਸੂਰਬੀਰਾਂ ਦੀ ਬਹਾਦਰੀ ਨੇ ਸਾਨੂੰ ਦੇਸ਼ ਲਈ ਹਮੇਸ਼ਾ ਨਿਰਸਵਾਰਥ ਕੁਰਬਾਨੀਆਂ ਕਰਨ ਲਈ ਪ੍ਰੇਰਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਮਹਾਨ ਸਿੱਖ ਗੁਰੂ ਸਾਹਬਾਨ ਨੇ ਸਾਨੂੰ ਜਬਰ-ਜ਼ੁਲਮ ਅਤੇ ਬੇਇਨਸਾਫ਼ੀ ਵਿਰੁੱਧ ਲੜਨ ਦਾ ਸੰਦੇਸ਼ ਦਿੱਤਾ ਹੈ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵਰਗੇ ਯੋਧਿਆਂ ਨੇ ਮਹਾਨ ਗੁਰੂਆਂ ਦੇ ਪਾਏ ਪੂਰਨਿਆਂ ਉਤੇ ਪਹਿਰਾ ਦਿੱਤਾ। ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਅਸੀਂ ਅਜਿਹੀ ਸ਼ਾਨਦਾਰ ਵਿਰਾਸਤ ਦੇ ਵਾਰਸ ਹਾਂ, ਜਿਸ ਦੀ ਦੁਨੀਆਂ ਵਿੱਚ ਕੋਈ ਮਿਸਾਲ ਨਹੀਂ ਮਿਲਦੀ।

ਵਿਧਾਨ ਸਭਾ ਸਪੀਕਰ ਸੰਧਵਾਂ ਨੇ ਗੁਰਦੁਆਰਾ ਪ੍ਰਬੰਧ ਨੂੰ ਹੋਰ ਵਧੀਆ ਤਰੀਕੇ ਨਾਲ ਚਲਾਉਣ ਲਈ 2 ਲੱਖ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਵੀ ਕੀਤਾ। ਇਸੇ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਨੇ ਜਿੱਥੇ ਮਹਾਨ ਸਿੱਖ ਜਰਨੈਲ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਬਾਰੇ ਦੱਸਿਆ, ਉਥੇ ਉਨ੍ਹਾਂ ਨੇ ਰਾਮਗੜ੍ਹੀਆ ਭਵਨ ਦੇ ਹਾਲ ਨੂੰ ਨਵਿਆਉਣ ਦੀ ਜ਼ਿੰਮੇਵਾਰੀ ਵੀ ਲਈ।

ਇਸ ਮੌਕੇ ਹਲਕਾ ਘਨੌਰ ਤੋਂ ਵਿਧਾਇਕ ਗੁਰਲਾਲ ਸਿੰਘ ਅਤੇ ਐਸ.ਡੀ.ਐਮ ਮੋਹਾਲੀ ਸਰਬਜੀਤ ਕੌਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd. #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

NATURAL HEALTH SOLUTIONS
Over 20 years Homeopathic/Holistic ways case solving experience
HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜੁਰਬਾ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜੁਰਬਾ।
ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ -
ਤੁਹਾਡੀ ਭਾਸ਼ਾ ਬੋਲਦੇ - Hindi, Punjabi & English
ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist
Phone: 647-779-5904
Address: 8 Camperdown Ave, Etobicoke.
Clinic hours: all appointment basis for client convenience

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

BRAMPTON

# 2022 CITIZENS AWARDS WINNERS

## SPORTS ACHIEVEMENT - INDIVIDUAL

**Track and Field:**
Cailin Ali
Miyah Nero-Boswell
Christopher Brooks
Taymar Dunkley
Tyler Dunkley
Tyson Dunkley
Ehinomen Eghobor
Stephen Hall
Alexia Jones
Adam Khan
Justin Knight
Xaiver Maitland
Tooni Ogunyeye
Peace Omonzane
Aiden Phillips
Anthony Phinn
Saurang Puthenkulangara
Kavidu Henda Thanthri
Kalea Webb
Kiara Webb
Kenneth West
Samantha Williams

**Swimming:**
Matthew Cabraja
Abbey Clarke
Mahdi El-Sayed
Cale Spurrell

**Skating:**
Sean Pang
Aabha Vedi

**Jiu Jitsu:**
Conner Afable

**Para Table Tennis:**
Mohsin Ali Watto

**Badminton:**
Shaurya Gullaiya

## SPORTS ACHIEVEMENT - TEAM/GROUP

**Track and Field:**

**BRT - Senior Boys 4x200m Relay**
Cailan Ali, Timi Faleye
DeShawn Henry, Anthony Phinn

**BRT-Tyke Boys 4X200m Relay**
Tyler Dunkley, Aiden Phillips
Nathan Francis, Xavier Maitland

**BRT - Mite Boys 4x200m Relay**
Zecariah Dowdy
Aiden Phillips
Adam Khan
Kavidu Gimhana Henda-Thanthri

**BRT - Mite Boys 4x100m Relay**
Nathan Francis, Xavier Maitland
Chauncey Martin, Noah Walker-Pompey

**BRT - Atom Boys 4x100m Relay**
Cailin Ali, Taymar Dunkley
Tyler Dunkley, Quinton Spence

**BRT - Senior Boys 4x100m Relay**
Darnell Green, Stephen Hall
Justin Knight, Anthony Phinn

**Skating:**

**Gold Ice Juvenile**
Alexis Amato
Avery Amato
Isabelle Cheung-Seekit
Michaela Deflece
Mariah Fernandes
Victoria Ferreira
Trinity Fridy
Sara Gandhi
Rebekah Hoekman
Katie Moore
Brianna Noga
Grace Onyschuk
Gloria Su
Alexandra Bagnali
Trofymowych
Sarah Vretenar
Eden Wilkinson
Maeching Wilson
Agumjot Bedi

**Gold Ice Novice**
Isabella Aspinwall
Alice Buzynska
Amy Dai
Trinity Fridy
Asma Haniff
Lilit Kirakosyan
Julia Lai
Venezia Lai
Ella MacPhee
Katie Moore
Brianna Noga
Ella Robertson
Megan Saarimaki
Ishani Sama
Ayana Sharma
Isabella Tomovski
Sarah Vretnar
Eden Wilkinson
Lara Zaski

**Gold Ice Junior**
Lily Bauman
Mia Bek
Mia Blanchet
Zuri Conliffe-Layne
Lauren Gyorody
Asma Haniff
Kaitlin Harnum
Alyssa Lopresti
Marie-Ève Ouellet
Raia Parekh
Jenna Payne
Sloan Stark
Kate Trim
Melissa van Loenen
Sophie Vanslyke
Aabha Vedi
Emma Wang
Breanna Wang
Paige Westerman
Kasia Zaski

**Swimming:**

**COBRA Relay Team A Male (15 & Under) - 200 Free Relay / COBRA Relay Team A Male (15 & Under) -200 Medley Relay**
Jaiveer Singh, Cale Spurrell
Nathan Vigneault, Jayden Vande Vooren

## INSPIRATIONAL

Miranda Baksh
Manvir Bhangu
Daniela Adu-Boateng
Sheffanessea Brown
Bill Godfrey
Sandeep Goel
Gunpreet Heir
Ghulam Murtaza Jowia
Muriel Matta
Sariah Morgan
Maryam Muritala
Mian Nadeem
Robert Rutledge
Shreya Shah
Kimberlee Shelley
Mohammad Shoaib

## ARTS ACCLAIM

**Literature:** Pardis Aliakbarkhani
**Radio:** Joginder Bassi
**Visual Arts:** Abiola (Biola) Idowu
**Arts/Culture/Film/TV:** Jesse Jones
**Visual Arts:** Russna Kaur
**Music:** Ameerah Khan
**Fashion/Arts/Culture/Film/TV:** Dontae Nathan
**Performance Arts:** Jacy Peck
**Fashion:** Brampton Fashion Week

## LONG TERM SERVICE

**15 Years of Service**
Santokh Sam Singh Basra
Jaspal Gahunia
Muhammad Hussain
Irene Lockrey

**25 Years of Service**
Gregory Allen
Alnasir Bhanji
Rick Depriest
Ron Evans
Hyacinth Lindo

**35+ Years of Service**
Jerry DeRochie CD
Denis McKeegan
Mary Ellen McKeegan
Irma Orzeck
Karen Shorter
Sonya Shorter
Carole Spraggett

## KEN GILES AMATEUR ATHLETE OF THE YEAR

**Badminton:** Shaurya Gullaiya

## CITIZEN OF THE YEAR

**Adult:** Jessi Sandhu **Youth:** Charlton Sinclair **Senior:** Bikram Dhillon

www.brampton.ca/citizensawards



RSFO

## ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ

RSFO

## ਮਹਾਰਾਜਾ ਜੱਸਾ ਸਿੰਘ ਰਾਮਗੜੀਆ ਦੇ 300 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ

(10ਵਾਂ ਅੰਤਰਰਾਸ਼ਟਰੀ ਐਵਾਰਡ ਸਮਾਗਮ 2023)
21 ਮਈ 2023, ਦਿਨ ਐਤਵਾਰ; ਸਮਾਂ 9:30 ਸਵੇਰ
ਸਥਾਨ- ਵੈਰਡੀ ਕਨਵੈਨਸ਼ਨ ਸੈਂਟਰ, 3550 ਡੇਰੀ ਰੋਡ (ਈਸਟ) ਮਿਸੀਸਾਗਾ








ਸੀਟ ਰਾਖਵੀ ਕਰਨ ਲਈ ਸੰਪਰਕ ਕਰੋ-
ਦਲਜੀਤ ਸਿੰਘ ਗੈਦੂ (416-305-9878), ਮਨਜੀਤ ਸਿੰਘ ਭੱਚੂ (416-275-2374)
ਅਤੇ ਹਰਦਿਆਲ ਸਿੰਘ ਝੀਤਾ (647-409-8915)
ਰਾਮਗੜੀਆ ਸਿੱਖ ਫਾਊਡੇਸ਼ਨ ਆਫ ਆਨਟਾਰੀਓ- 7956 ਟੋਰਬਰਮ ਰੋਡ ਯੂਨਿਟ ਨੰ. 40 (ਬੀ), ਬਰੈਂਪਟਨ (ਕੈਨੇਡਾ)




THANKS TO ALL TV, RADIO, AND PRINT MEDIA.

# ਗੁਰਮੀਤ ਕੜਿਆਲਵੀ ਮਹਿੰਦਰ ਸਾਥੀ ਮੰਚ ਦੇ ਪ੍ਰਧਾਨ, ਰਣਜੀਤ ਸਰਾਂਵਾਲੀ ਜਨਰਲ ਸਕੱਤਰ ਤੇ ਅਮਰ ਸੂਫੀ ਮੁੱਖ ਸਲਾਹਕਾਰ ਬਣੇ



ਮੋਗਾ, 7 ਮਈ(ਗਿਆਨ ਸਿੰਘ) ਮਹਿੰਦਰ ਸਾਥੀ ਯਾਦਗਾਰੀ ਮੰਚ (ਰਜਿ:) ਮੋਗਾ ਦੀ ਚੋਣ ਮੰਚ ਦੇ ਕਾਨੂੰਨੀ ਸਲਾਹਕਾਰ ਅਤੇ ਚੋਣ ਅਧਿਕਾਰੀ ਐਡਵੋਕੇਟ ਗੁਰਪ੍ਰੀਤ ਸਿੰਘ ਭੱਟੀ ਦੀ ਦੇਖ ਰੇਖ ਹੇਠ ਮੋਗਾ ਵਿਖੇ ਹੋਈ। ਮੰਚ ਦੇ ਸਰਪ੍ਰਸਤ ਗੁਰਬਚਨ ਚਿੰਤਕ (ਕਨੇਡਾ) ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ।

ਸਭ ਤੋਂ ਪਹਿਲਾਂ ਮੰਚ ਦੇ ਜਨਰਲ ਸਕੱਤਰ ਰਣਜੀਤ ਸਰਾਂਵਾਲੀ ਨੇ ਪਿਛਲੇ ਦੋ ਸਾਲਾਂ ਦੀ ਕਾਰਗੁਜ਼ਾਰੀ ਸਬੰਧੀ ਰਿਪੋਰਟ ਪੇਸ਼ ਕੀਤੀ ਜਿਸ ਉਪਰ ਕਾਰਜਕਾਰਨੀ ਨੇ ਤਸੱਲੀ ਪ੍ਰਗਟ ਕੀਤੀ। ਵਿੱਤ ਸਕੱਤਰ ਗੁਰਪ੍ਰੀਤ ਧਰਮਕੋਟ ਨੇ ਵਿੱਤੀ ਰਿਪੋਰਟ ਪੇਸ਼ ਕਰਦਿਆਂ ਆਮਦਨ ਤੇ ਖਰਚ ਦਾ ਬਿਉਰਾ ਰੱਖਿਆ।

ਕਾਰਜਕਾਰਨੀ ਦੇ ਹਾਜ਼ਰ ਮੈਂਬਰਾਂ ਨੇ ਸਾਲ 2023 ਅਤੇ 24 ਲਈ ਸਰਬਸੰਮਤੀ ਨਾਲ ਪਿਛਲੀ ਟੀਮ ਨੂੰ ਹੀ ਚੁਣ ਲਿਆ। ਇਸ ਨਵੀਂ ਟੀਮ ਵਿਚ ਕਹਾਣੀਕਾਰ ਗੁਰਮੀਤ ਕੜਿਆਲਵੀ ਪ੍ਰਧਾਨ, ਪ੍ਰਸਿੱਧ ਸ਼ਾਇਰ ਰਣਜੀਤ ਸਰਾਂਵਾਲੀ ਜਨਰਲ ਸਕੱਤਰ, ਨਵਨੀਤ ਸੇਖਾ ਸੀਨੀਅਰ ਮੀਤ ਪ੍ਰਧਾਨ, ਗੁਰਦੀਪ ਲੋਪੋ ਮੀਤ ਪ੍ਰਧਾਨ, ਇਕਬਾਲ ਦੁਨੇਕੇ ਸਕੱਤਰ, ਧਾਮੀ ਗਿੱਲ ਸਕੱਤਰ, ਗੁਰਪ੍ਰੀਤ ਧਰਮਕੋਟ ਵਿੱਤ ਸਕੱਤਰ, ਅਮਰ ਘੋਲੀਆ ਮੀਡੀਆ ਕੁਆਰਡੀਨੇਟਰ ਅਤੇ ਗੁਰਪ੍ਰੀਤ ਸਿੰਘ ਭੱਟੀ ਕਾਨੂੰਨੀ ਸਲਾਹਕਾਰ ਦੇ ਅਹੁਦਿਆਂ ਲਈ ਚੁਣੇ ਗਏ। ਜਿਲ੍ਹਾ ਭਾਸ਼ਾ ਭਾਸ਼ਾ ਅਫਸਰ ਤੇ ਸ਼ਾਇਰ ਡਾ ਅਜੀਤਪਾਲ ਸਿੰਘ, ਹਰਵਿੰਦਰ ਬਿਲਾਸਪੁਰ, ਦਰਸ਼ਨ ਦੋਸਾਂਝ, ਚਰਨਜੀਤ ਸਮਾਲਸਰ, ਅਮਰਪ੍ਰੀਤ ਕੌਰ ਸੰਘਾ, ਪ੍ਰੋ ਕਰਮਜੀਤ ਕੌਰ ਧਰਮਕੋਟ, ਸਰਬਜੀਤ ਕੌਰ ਮਾਹਲਾ, ਸੋਨੀਆ ਸਿਮਰ, ਅਮਰਜੀਤ ਸਨੇਰ੍ਹਵੀ, ਨਾਵਲਕਾਰ ਕ੍ਰਿਸ਼ਨ ਪ੍ਰਤਾਪ, ਜਸਵਿੰਦਰ ਧਰਮਕੋਟ, ਗੁਰਮੀਤ ਰੱਖਰਾ ਕੜਿਆਲ, ਪ੍ਰਦੀਪ ਰੱਖਰਾ, ਸ਼ੀਰਾ ਗਰੇਵਾਲ ਰੌਂਤਾ, ਦਿਲਬਾਗ ਬੁੱਕਣਵਾਲਾ, ਨਵਜੀਤ ਸਿੰਘ ਈ ਟੀ ਓ, ਦੀਪ ਜ਼ੈਲਦਾਰ, ਅਵਤਾਰ ਕਮਾਲ ਅਤੇ ਸੋਨੀ ਮੋਗਾ ਦੀ ਕਾਰਜਕਾਰਨੀ ਲਈ ਚੋਣ ਹੋਈ।

ਚੋਣ ਅਧਿਕਾਰੀ ਐਡਵੋਕੇਟ ਗੁਰਪ੍ਰੀਤ ਭੱਟੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ (ਕਨੇਡਾ), ਗੁਰਬਚਨ ਚਿੰਤਕ (ਕਨੇਡਾ), ਪ੍ਰਿੰਸੀਪਲ ਸੁਰਿੰਦਰਪਾਲ ਕੌਰ ਬਰਾੜ (ਕਨੇਡਾ), ਅਤੇ ਡਾ ਸੰਦੀਪ ਦਾਖਾ ਮੰਚ ਦੇ ਸਰਪ੍ਰਸਤ ਹੋਣਗੇ। ਨਾਮਵਰ ਸ਼ਾਇਰ ਅਮਰ ਸੂਫੀ ਮੰਚ ਦੇ ਮੁੱਖ ਸਲਾਹਕਾਰ ਹੋਣਗੇ। ਸਲਾਹਕਾਰਾਂ 'ਚ ਇੰਗਲੈਂਡ ਰਹਿੰਦੇ ਨਾਵਲਕਾਰ ਜਸਵਿੰਦਰ ਰੱਤੀਆਂ, ਪ੍ਰੀਤ ਮਨਪ੍ਰੀਤ (ਕਨੇਡਾ), ਗੁਰਪਾਲ ਸੰਧੂ (ਆਸਟ੍ਰੇਲੀਆ), ਪ੍ਰਸਿੱਧ ਕਹਾਣੀਕਾਰ ਪਵਿੱਤਰ ਕੌਰ ਮਾਟੀ (ਯੂ ਐਸ ਏ), ਸ਼ਾਇਰਾ ਨੀਲੂ ਜਰਮਨੀ (ਜਰਮਨੀ), ਨਾਵਲਕਾਰ ਮਹਿੰਦਰਪਾਲ ਸਿੰਘ ਧਾਲੀਵਾਲ (ਇੰਗਲੈਂਡ), ਨਾਹਰ ਔਜਲਾ (ਕਨੇਡਾ) ਅਤੇ ਬਲਤੇਜ ਕੜਿਆਲ (ਬਰੈਂਪਟਨ-ਕਨੇਡਾ) ਦੇ ਨਾਂ ਸ਼ਾਮਿਲ ਹਨ।

ਅੰਤ 'ਚ ਕਾਰਜਕਾਰਨੀ ਦੀ ਸਹਿਮਤੀ ਨਾਲ ਆਉਣ ਵਾਲੇ ਸਮੇ 'ਚ ਕੀਤੇ ਜਾਣ ਵਾਲੇ ਕੁੱਝ ਨਵੇਂ ਪ੍ਰੋਗਰਾਮਾਂ ਦੀ ਰੂਪ ਰੇਖਾ ਉਲੀਕੀ ਗਈ। ਮੰਚ ਵਲੋਂ ਹਰ ਸਾਲ ਮਹਿੰਦਰ ਸਾਥੀ ਦੇ ਜਨਮ ਦਿਨ 'ਤੇ ਵਿਸ਼ੇਸ਼ ਸਮਾਗਮ ਕਰਨ ਦਾ ਨਿਰਣਾ ਲਿਆ ਗਿਆ।


Tri-City Professional Realty Inc., Brokerage. The Future of Real Estate
www.TriCityPro.com
Number 1. Tri-City agent in Canada on basis of sales volume 2021
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
NEED MORE LISTINGS
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8
SOLD $1,399,999 CASTLEMORE/GOREWAY
SOLD $1,749,900 8337 ਗਲਫ ਲਾਈਨ
SOLD $1,950,000 26 Yellow RomeRd
416-802-5866



## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।



NEED A LAWYER ??
KAUR LAW OFFICE
Red Seal NOTARY
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits



ਕੈਨੇਡੀਅਨ ਪੰਜਾਬੀ ਪੋਸਟ
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202


## ਲੜਕੀ ਦੀ ਲੋੜ

ਚਾਹਲ ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5 ਫੁੱਟ 9 ਇੰਚ, ਗ੍ਰੈਜੂਏਟ, ਸ਼ਰਾਬ ਨਹੀਂ ਪੀਂਦਾ, ਕੈਨੇਡਾ ਵਿਚ ਵਿਜ਼ਟਿਰ ਵੀਜ਼ਾ ਉਤੇ ਆਇਆ ਹੋਇਆ, ਓਂਟਾਰੀਓ ਵਿਚ ਰਹਿ ਰਿਹਾ, ਭੈਣ ਕੈਨੇਡਾ ਦੀ ਪੀਆਰ, ਸਾਰਾ ਪਰਿਵਾਰ ਕੈਨੇਡਾ ਵਿਚ ਰਹਿ ਰਿਹਾ, ਲਈ ਕੈਨੇਡਾ ਦੀ ਪੀਆਰ, ਵਰਕ ਪਰਮਿਟ ਉਤੇ ਜਾਂ ਸਟੂਡੈਂਟ, ਲੜਕੀ ਦੀ ਲੋੜ ਹੈ। ਫੋਟੋਆਂ ਵਟਸਐਪ ਉਤੇ ਭੇਜ ਸਕਦੇ ਹੋ। ਸੰਪਰਕ: 3438892395, 9053240160

ਬਰੈਂਪਟਨ 'ਚ 4 ਸਾਲ ਤੋਂ ਵਰਕ ਪਰਮਿਟ ਰਿਫਿਊਜੀ ਕੇਸ 'ਤੇ ਰਹਿੰਦੇ ਜੱਟ ਸਿੱਖ, ਨਸ਼ਿਆਂ ਤੋਂ ਰਹਿਤ, ਉਮਰ 31 ਸਾਲ, ਟਰੱਕ ਡਰਾਇਵਰ ਦੀ ਜੌਬ ਕਰਦੇ ਲੜਕੇ ਲਈ ਕੈਨੇਡੀਅਨ ਪੀਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕਸ਼ੁਦਾ ਲੜਕੀ 'ਤੇ ਵੀ ਵਿਚਾਰ ਕੀਤਾ ਜਾਵੇਗਾ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਫੋਨ: 3652284327 ਜਾਂ 4374380242 ਜਾਂ ਵਟਸਅਪ 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com


A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ



Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976



ਸੈਲ ਐਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6



STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
7 Days a Week
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com



(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

# ਕੇਰਲ ’ਚ ਹਾਊਸਬੋਟ ਪਲਟੀ, 18 ਲੋਕਾਂ ਦੀ ਹੋਈ ਮੌਤ, ਕਈ ਬੱਚੇ ਵੀ ਸ਼ਾਮਲ



ਮਲੱਪੁਰਮ, 7 ਮਈ (ਪੋਸਟ ਬਿਊਰੋ): ਕੇਰਲ ਦੇ ਮਲੱਪੁਰਮ ਜ਼ਿਲ੍ਹੇ ਦੇ ਤਨੁਰ ਇਲਾਕੇ ਵਿੱਚ ਤੁਵਾਲਥੀਰਾਮ ਬੀਚ ਨੇੜੇ ਐਤਵਾਰ ਸ਼ਾਮ ਨੂੰ ਕਰੀਬ 30 ਯਾਤਰੀਆਂ ਨੂੰ ਲੈ ਕੇ ਜਾ ਰਹੀ ਇੱਕ ਹਾਊਸਬੋਟ ਦੇ ਪਲਟਣ ਕਾਰਨ 18 ਲੋਕਾਂ ਦੀ ਮੌਤ ਹੋ ਗਈ, ਜਿਨ੍ਹਾਂ ਵਿੱਚ ਜ਼ਿਆਦਾਤਰ ਬੱਚੇ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਦਸੇ 'ਤੇ ਦੁੱਖ ਪ੍ਰਗਟ ਕਰਦੇ ਹੋਏ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਦੋ-ਦੋ ਲੱਖ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ।

ਪੀਐਮ ਮੋਦੀ ਨੇ ਟਵੀਟ ਵੀ ਕੀਤਾ ਕਿ ਕੇਰਲ ਦੇ ਮਲਪੁਰਮ ਵਿੱਚ ਕਿਸ਼ਤੀ ਹਾਦਸੇ ਵਿੱਚ ਲੋਕਾਂ ਦੀ ਮੌਤ ਤੋਂ ਦੁਖੀ ਹਾਂ। ਦੁਖੀ ਪਰਿਵਾਰਾਂ ਨਾਲ ਹਮਦਰਦੀ। ਹਰੇਕ ਮ੍ਰਿਤਕ ਦੇ ਵਾਰਸਾਂ ਨੂੰ ਪੀਐਮਐਨਆਰਐਫ ਤੋਂ ਦੋ ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਰਾਸ਼ੀ ਪ੍ਰਦਾਨ ਕੀਤੀ ਜਾਵੇਗੀ। ਮੁੱਖ ਮੰਤਰੀ ਪਿਨਾਰਈ ਵਿਜਯਨ ਨੇ ਮੌਤਾਂ 'ਤੇ ਸੋਗ ਪ੍ਰਗਟ ਕਰਦੇ ਹੋਏ ਇਕ ਬਿਆਨ ਜਾਰੀ ਕੀਤਾ ਅਤੇ ਮਲਪੁਰਮ ਦੇ ਜ਼ਿਲ੍ਹਾ ਕੁਲੈਕਟਰ ਨੂੰ ਤਾਲਮੇਲ ਨਾਲ ਐਮਰਜੈਂਸੀ ਬਚਾਅ ਮੁਹਿੰਮ ਚਲਾਉਣ ਦੇ ਨਿਰਦੇਸ਼ ਦਿੱਤੇ। ਬਿਆਨ ਵਿੱਚ ਕਿਹਾ ਗਿਆ ਹੈ ਕਿ ਫਾਇਰ ਅਤੇ ਪੁਲਿਸ ਯੂਨਿਟ, ਮਾਲ ਅਤੇ ਸਿਹਤ ਵਿਭਾਗ ਦੇ ਅਧਿਕਾਰੀ ਅਤੇ ਜ਼ਿਲ੍ਹੇ ਦੇ ਤਨੂਰ ਅਤੇ ਤਿਰੂਰ ਖੇਤਰਾਂ ਦੇ ਸਥਾਨਕ ਲੋਕ ਬਚਾਅ ਕਾਰਜ ਵਿੱਚ ਸ਼ਾਮਲ ਹਨ। ਇਹ ਵੀ ਕਿਹਾ ਗਿਆ ਹੈ ਕਿ ਮੰਤਰੀ ਅਬਦੁਰਹਿਮਾਨ ਅਤੇ ਰਿਆਸ ਬਚਾਅ ਮੁਹਿੰਮ ਦਾ ਤਾਲਮੇਲ ਕਰਨਗੇ।

ਇਸ ਦੇ ਨਾਲ ਹੀ ਕੇਰਲ ਦੇ ਸੈਰ ਸਪਾਟਾ ਮੰਤਰੀ ਪੀਏ ਮੁਹੰਮਦ ਰਿਆਸ ਨੇ ਵੀ ਇਸ ਘਟਨਾ 'ਤੇ ਦੁੱਖ ਪ੍ਰਗਟ ਕੀਤਾ ਹੈ। ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਉਨ੍ਹਾਂ ਦੱਸਿਆ ਕਿ ਇਸ ਹਾਦਸੇ 'ਚ ਜਾਨ ਗਵਾਉਣ ਵਾਲਿਆਂ 'ਚ ਕਈ ਬੱਚੇ ਸ਼ਾਮਲ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਸਕੂਲ ਦੀਆਂ ਛੁੱਟੀਆਂ ਦੌਰਾਨ ਬੱਚੇ ਹਾਊਸਬੋਟ ਦੀ ਸਵਾਰੀ ਕਰ ਰਹੇ ਸਨ। ਫਿਲਹਾਲ ਮੌਕੇ 'ਤੇ ਪਹੁੰਚੀ ਪੁਲਸ ਇਸ ਪੂਰੇ ਮਾਮਲੇ ਦੀ ਜਾਂਚ 'ਚ ਜੁਟੀ ਗਈ। ਘਟਨਾ ਕਿਵੇਂ ਵਾਪਰੀ, ਇਹ ਜਾਣਨ ਲਈ ਆਲੇ-ਦੁਆਲੇ ਦੇ ਲੋਕਾਂ ਤੋਂ ਵੀ ਪੁੱਛਗਿੱਛ ਕੀਤੀ ਗਈ।

# ਪਾਕਿਸਤਾਨ ’ਚ ਈਸ਼ਨਿੰਦਾ ਦੇ ਦੋਸ਼ ’ਚ ਵਿਅਕਤੀ ਦੀ ਕੁੱਟ-ਕੁੱਟ ਕੇ ਹੱਤਿਆ



ਇਸਲਾਮਾਬਾਦ, 7 ਮਈ (ਪੋਸਟ ਬਿਊਰੋ): ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਦੀ ਇੱਕ ਰੈਲੀ ਵਿੱਚ ਈਸ਼ਨਿੰਦਾ ਦੇ ਦੋਸ਼ ਵਿੱਚ ਸ਼ੁੱਕਰਵਾਰ ਨੂੰ ਇੱਕ ਵਿਅਕਤੀ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਇੱਕ ਦਿਨ ਬਾਅਦ ਪੁਲਿਸ ਨੇ ਦਾਅਵਾ ਕੀਤਾ ਕਿ ਸ਼ਹਿਰ ਵਿੱਚ ਸਥਿਤੀ ਕਾਬੂ ਹੇਠ ਹੈ। ਅਧਿਕਾਰੀਆਂ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੀਟੀਆਈ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਦਾ ਸਿਆਸੀ ਸੰਗਠਨ ਹੈ।

ਮਰਦਾਨ ਦੇ ਸੀਨੀਅਰ ਸੁਪਰਡੈਂਟ ਰੋਖਨਜ਼ੇਬ ਖਾਨ ਨੇ ਦੱਸਿਆ ਕਿ ਸ਼ਨੀਵਾਰ ਰਾਤ ਨੂੰ ਸਾਵਲ ਧੇਰ ਖੇਤਰ ਵਿੱਚ ਪੀਟੀਆਈ ਦੀ ਇੱਕ ਰੈਲੀ ਵਿੱਚ ਲਿੰਚਿੰਗ ਦੀ ਘਟਨਾ ਵਾਪਰੀ। ਖਾਨ ਨੇ ਕਿਹਾ ਕਿ ਰੈਲੀ ਖਤਮ ਹੋਣ ਤੋਂ ਬਾਅਦ, ਕਥਿਤ ਤੌਰ 'ਤੇ ਈਸ਼ਨਿੰਦਾ ਟਿੱਪਣੀਆਂ ਕੀਤੀਆਂ ਗਈਆਂ ਸਨ, ਜਿਸ ਤੋਂ ਬਾਅਦ ਇੱਕ ਅੱਧਖੜ ਉਮਰ ਦੇ ਵਿਅਕਤੀ, ਨਿਗਾਰ ਆਲਮ 'ਤੇ ਗੁੱਸੇ ਵਿੱਚ ਆਈ ਭੀੜ ਨੇ ਹਮਲਾ ਕੀਤਾ ਸੀ। ਉਸਨੇ ਕਿਹਾ, "ਜਦੋਂ ਅਸੀਂ ਦੇਖਿਆ ਕਿ ਲੋਕ ਗੁੱਸੇ ਵਿੱਚ ਸਨ ਅਤੇ ਨਿਗਾਰ 'ਤੇ ਹਮਲਾ ਕਰਨ ਦੀ ਯੋਜਨਾ ਬਣਾ ਰਹੇ ਸਨ, ਤਾਂ ਅਸੀਂ ਉਸਨੂੰ ਬਾਜ਼ਾਰ ਦੀ ਇੱਕ ਦੁਕਾਨ 'ਤੇ ਲੈ ਗਏ।" ਪਰ ਲੋਕਾਂ ਨੇ ਦੁਕਾਨ 'ਚ ਦਾਖਲ ਹੋ ਕੇ ਉਸ 'ਤੇ ਮੁੱਕਿਆਂ ਅਤੇ ਲੱਤਾਂ ਨਾਲ ਹਮਲਾ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਇਹ ਵੀ ਕਿਹਾ ਕਿ ਹਮਲੇ ਦੌਰਾਨ ਆਲਮ ਦੀ ਮੌਤ ਹੋ ਗਈ। ਜ਼ਿਲ੍ਹਾ ਪੁਲਿਸ ਦਫ਼ਤਰ ਨਜੀਬੁਰ ਰਹਿਮਾਨ ਨੇ ਕਿਹਾ ਕਿ ਬਾਅਦ ਵਿੱਚ ਪੁਲਿਸ ਨੇ ਭੀੜ ਨੂੰ ਖਦੇੜਿਆ ਅਤੇ ਲਾਸ਼ ਨੂੰ ਬਰਾਮਦ ਕੀਤਾ। ਉਨ੍ਹਾਂ ਕਿਹਾ ਕਿ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਪੁਲਿਸ ਨੇ ਮੌਕੇ ਤੋਂ ਸਬੂਤ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ ਹਨ। ਰਹਿਮਾਨ ਨੇ ਕਿਹਾ ਕਿ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ ਹੈ ਅਤੇ ਇਸ ਘਟਨਾ ਵਿੱਚ ਕੋਈ ਐਫਆਈਆਰ ਦਰਜ ਨਹੀਂ ਕੀਤੀ ਗਈ ਹੈ।

# ਅਮਰੀਕਾ ਦੇ ਸ਼ਾਪਿੰਗ ਮਾਲ ’ਚ ਅੰਨ੍ਹੇਵਾਹ ਗੋਲੀਬਾਰੀ, 9 ਦੀ ਮੌਤ, ਹਮਲਾਵਰ ਢੇਰ



ਟੈਕਸਾਸ, 7 ਮਈ (ਪੋਸਟ ਬਿਊਰੋ): ਅਮਰੀਕਾ 'ਚ ਗੋਲੀਬਾਰੀ ਦੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ ਹਨ। ਤਾਜ਼ਾ ਘਟਨਾ ਟੈਕਸਾਸ ਦੀ ਹੈ। ਸ਼ਨੀਵਾਰ ਨੂੰ ਟੈਕਸਾਸ ਦੇ ਐਲਨ ਵਿੱਚ ਐਲਨ ਪ੍ਰੀਮੀਅਮ ਆਊਟਲੈਟਸ ਮਾਲ ਵਿੱਚ ਹੋਈ ਗੋਲੀਬਾਰੀ ਵਿੱਚ ਨੌਂ ਲੋਕਾਂ ਦੀ ਮੌਤ ਹੋ ਗਈ ਅਤੇ ਸੱਤ ਜ਼ਖ਼ਮੀ ਹੋ ਗਏ। ਜ਼ਖਮੀਆਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਬਾਅਦ ਵਿੱਚ ਪੁਲਿਸ ਨੇ ਹਮਲਾਵਰ ਨੂੰ ਮਾਰ ਦਿੱਤਾ। ਐਲਨ ਪੁਲਿਸ ਵਿਭਾਗ ਨੇ ਆਪਣੇ ਅਧਿਕਾਰਤ ਟਵਿੱਟਰ ਹੈਂਡਲ 'ਤੇ ਦੱਸਿਆ ਕਿ ਪੁਲਿਸ ਐਲਨ ਪ੍ਰੀਮੀਅਮ ਆਊਟਲੈਟਸ 'ਤੇ ਮੌਜੂਦ ਹੈ। ਫਿਲਹਾਲ ਜਾਂਚ ਚੱਲ ਰਹੀ ਹੈ।

ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਗਈ ਵੀਡੀਓ 'ਚ ਲੋਕ ਇਕ ਸ਼ਾਪਿੰਗ ਮਾਲ ਦੇ ਸਾਹਮਣੇ ਪਾਰਕਿੰਗ ਤੋਂ ਭੱਜਦੇ ਦਿਖਾਈ ਦੇ ਰਹੇ ਹਨ। ਬੈਕਗ੍ਰਾਊਂਡ ਵਿੱਚ ਉੱਚੀ-ਉੱਚੀ ਆਵਾਜ਼ਾਂ ਸੁਣਾਈ ਦਿੱਤੀਆਂ। ਮੀਡੀਆ ਰਿਪੋਰਟਾਂ ਦੇ ਅਨੁਸਾਰ, ਐਲਨ ਪ੍ਰੀਮੀਅਮ ਆਊਟਲੇਟਸ ਡੱਲਾਸ ਦੇ ਉੱਤਰ ਵਿੱਚ ਇੱਕ ਬਾਹਰੀ ਮਾਲ ਹੈ।

ਇਕ ਚਸ਼ਮਦੀਦ ਗਵਾਹ ਬ੍ਰੇਸਨ ਜੋਨਸ ਦੇ ਹਵਾਲੇ ਨਾਲ ਕਿਹਾ ਕਿ ਜੋਨਸ ਚੈਂਪਸ ਸਪੋਰਟਸ ਆਊਟਲੈਟ ਸਟੋਰ 'ਤੇ ਆਪਣੀ ਸ਼ਿਫਟ ਲਈ ਜਲਦੀ ਪਹੁੰਚ ਗਿਆ ਸੀ ਅਤੇ ਅਜੇ ਵੀ ਆਪਣੀ ਕਾਰ ਵਿਚ ਬੈਠਾ ਸੀ। ਉਦੋਂ 20 ਤੋਂ ਵੱਧ ਰਾਊਂਡ ਫਾਇਰਿੰਗ ਦੀ ਆਵਾਜ਼ ਸੁਣਾਈ ਦਿੱਤੀ। ਉਸ ਨੇ ਲੋਕਾਂ ਨੂੰ ਦੁਕਾਨਾਂ ਤੋਂ ਬਾਹਰ ਭੱਜਦੇ ਦੇਖਿਆ। ਉਸਨੇ ਅੱਗੇ ਦੱਸਿਆ ਕਿ ਇੱਕ ਅਜਨਬੀ ਉਸਦੀ ਕਾਰ ਵੱਲ ਭੱਜਿਆ ਅਤੇ ਉਸਨੂੰ ਦਰਵਾਜ਼ਾ ਖੋਲ੍ਹਣ ਲਈ ਕਿਹਾ ਅਤੇ ਫਿਰ ਉਹ ਦੋਵੇਂ ਉਥੋਂ ਫਰਾਰ ਹੋ ਗਏ। ਐਲਨ ਪੁਲਿਸ ਵਿਭਾਗ ਨੇ ਅਧਿਕਾਰਤ ਟਵਿੱਟਰ ਹੈਂਡਲ 'ਤੇ ਲੋਕਾਂ ਨੂੰ ਗੋਲੀਬਾਰੀ ਵਾਲੀ ਥਾਂ 'ਤੇ ਜਾਣ ਤੋਂ ਬਚਣ ਦੀ ਸਲਾਹ ਦਿੱਤੀ ਹੈ।

### ਹਾਵੜਾ ਸਟੇਸ਼ਨ ਤੋਂ ਡੇਢ ਕਰੋੜ ਦੇ ਸੋਨੇ ਦੇ ਗਹਿਣਿਆਂ ਸਮੇਤ ਨੌਜਵਾਨ ਗ੍ਰਿਫ਼ਤਾਰ

ਕੋਲਕੱਤਾ, 7 ਮਈ (ਪੋਸਟ ਬਿਊਰੋ): ਬੰਗਾਲ ਦੇ ਹਾਵੜਾ ਰੇਲਵੇ ਸਟੇਸ਼ਨ 'ਤੇ ਆਰਪੀਐਫ ਨੇ ਇਕ ਨੌਜਵਾਨ ਨੂੰ ਕਰੀਬ ਤਿੰਨ ਕਿਲੋ ਸੋਨੇ ਦੇ ਗਹਿਣਿਆਂ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਦੀ ਕੀਮਤ 1.77 ਕਰੋੜ ਰੁਪਏ ਦੱਸੀ ਜਾ ਰਹੀ ਹੈ। ਫੜ੍ਹੇ ਗਏ ਨੌਜਵਾਨ ਦੀ ਪਛਾਣ ਬਿਹਾਰ ਦੇ ਮੁਜ਼ੱਫਰਪੁਰ ਦੇ ਰਹਿਣ ਵਾਲੇ ਅਭਿਜੀਤ ਕੁਮਾਰ ਵਜੋਂ ਹੋਈ ਹੈ।

ਜਾਣਕਾਰੀ ਅਨੁਸਾਰ ਆਰਪੀਐਫ ਨੇ ਅਭਿਜੀਤ ਕੋਲੋਂ ਕੁੱਲ 2985 ਗ੍ਰਾਮ ਸੋਨੇ ਦੇ ਗਹਿਣੇ ਬਰਾਮਦ ਕੀਤੇ ਹਨ। ਸ਼ਨੀਵਾਰ ਨੂੰ ਜਾਂਚ ਦੌਰਾਨ ਇਕ ਨੌਜਵਾਨ ਨੂੰ ਸ਼ੱਕੀ ਹਾਲਤ 'ਚ ਘੁੰਮਦਾ ਦੇਖਿਆ ਗਿਆ। ਜਦੋਂ ਉਕਤ ਨੌਜਵਾਨ ਤੋਂ ਪੁੱਛਗਿੱਛ ਕੀਤੀ ਗਈ ਅਤੇ ਉਸ ਦੇ ਬੈਗ ਦੀ ਤਲਾਸ਼ੀ ਲਈ ਗਈ ਤਾਂ ਬੈਗ 'ਚੋਂ ਭਾਰੀ ਮਾਤਰਾ 'ਚ ਸੋਨੇ ਦੇ ਗਹਿਣੇ ਬਰਾਮਦ ਹੋਏ। ਆਰਪੀਐਫ ਨੇ ਉਸ ਨੂੰ ਕਸਟਮ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ।

ਸੂਤਰਾਂ ਮੁਤਾਬਕ ਪੁੱਛਗਿੱਛ 'ਤੇ ਉਸ ਨੇ ਦਾਅਵਾ ਕੀਤਾ ਕਿ ਉਸ ਦੇ ਪਿਤਾ ਬਿਹਾਰ 'ਚ ਸੋਨੇ ਦਾ ਵਪਾਰੀ ਹਨ। ਉਹ ਗਹਿਣੇ ਆਪਣੇ ਪਿਤਾ ਦੀ ਦੁਕਾਨ 'ਤੇ ਲੈ ਜਾ ਰਿਹਾ ਸੀ, ਪਰ ਉਹ ਇਸ ਦਾਅਵੇ ਦੇ ਸਮਰਥਨ ਲਈ ਕੋਈ ਢੁਕਵਾਂ ਦਸਤਾਵੇਜ਼ ਪੇਸ਼ ਨਹੀਂ ਕਰ ਸਕਿਆ। ਜਿਸ ਕਾਰਨ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ।

# ਮਨੀਪੁਰ ਹਿੰਸਾ ਦੌਰਾਨ 23 ਹਜ਼ਾਰ ਲੋਕਾਂ ਨੇ ਫੌਜੀ ਛਾਉਣੀਆਂ ’ਚ ਲਈ ਸ਼ਰਨ

ਇੰਫਾਲ, 7 ਮਈ (ਪੋਸਟ ਬਿਊਰੋ): ਹਿੰਸਾ ਪ੍ਰਭਾਵਿਤ ਮਨੀਪੁਰ ਦੇ ਕੁਝ ਖੇਤਰਾਂ ਵਿਚ ਕਰਫਿਊ ਵਿਚ ਢਿੱਲ ਦੇ ਦੌਰਾਨ, ਫੌਜ ਦੇ ਕਈ ਡਰੋਨ ਅਤੇ ਹੈਲੀਕਾਪਟਰਾਂ ਰਾਹੀਂ ਸਥਿਤੀ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਜਾਰੀ ਨਸਲੀ ਹਿੰਸਾ ਅਤੇ ਅਰਾਜਕਤਾ ਕਾਰਨ ਪ੍ਰਭਾਵਿਤ ਖੇਤਰਾਂ ਵਿਚ ਫਸੇ ਲਗਭਗ 23,000 ਲੋਕਾਂ ਨੂੰ ਹੁਣ ਤੱਕ ਕੱਢ ਕੇ ਫੌਜੀ ਛਾਉਣੀਆਂ ਵਿਚ ਭੇਜਿਆ ਜਾ ਚੁੱਕਾ ਹੈ। ਜਿਉਂ ਹੀ ਜਨਜੀਵਨ ਕੁਝ ਹੱਦ ਤੱਕ ਪਰਤ ਆਇਆ, ਫੌਜ ਅਤੇ ਅਸਾਮ ਰਾਈਫਲਜ਼ ਦੇ ਜਵਾਨਾਂ ਨੇ ਫਲੈਗ ਮਾਰਚ ਕੀਤਾ, ਪਰ ਤਣਾਅ ਸਾਫ ਦਿਖਾਈ ਦੇ ਰਿਹਾ ਸੀ। ਇਸ ਦੌਰਾਨ ਰਾਜਪਾਲ ਅਨੁਸੂਈਆ ਉਈਕੇ ਨੇ ਸੁਰੱਖਿਆ ਸਲਾਹਕਾਰ ਕੁਲਦੀਪ ਸਿੰਘ ਅਤੇ ਆਪਰੇਸ਼ਨਲ ਕਮਾਂਡਰ ਆਸ਼ੂਤੋਸ਼ ਸਿਨਹਾ ਨਾਲ ਮੀਟਿੰਗ ਦੀ ਪ੍ਰਧਾਨਗੀ ਕੀਤੀ। ਮੀਟਿੰਗ ਵਿਚ ਦੋਵਾਂ ਅਧਿਕਾਰੀਆਂ ਨੇ ਰਾਜਪਾਲ ਨੂੰ ਆਪਣੇ ਸੁਝਾਅ ਦਿੱਤੇ।

ਅਧਿਕਾਰੀਆਂ ਨੇ ਦੱਸਿਆ ਕਿ ਹਿੰਸਾ ਪ੍ਰਭਾਵਿਤ ਚੂਰਾਚੰਦਪੁਰ ਖੇਤਰ ਵਿੱਚ ਸਵੇਰੇ 7 ਵਜੇ ਤੋਂ 10 ਵਜੇ ਤੱਕ ਕਰਫਿਊ ਵਿਚ ਢਿੱਲ ਦਿੱਤੀ ਗਈ ਸੀ ਅਤੇ ਇਸ ਦੌਰਾਨ ਲੋਕ ਖਾਣ-ਪੀਣ ਦੀਆਂ ਵਸਤੂਆਂ, ਦਵਾਈਆਂ ਅਤੇ ਹੋਰ ਜ਼ਰੂਰੀ ਵਸਤਾਂ ਖਰੀਦਣ ਲਈ ਵੱਡੀ ਗਿਣਤੀ ਵਿੱਚ ਬਾਹਰ ਆਏ। ਅਧਿਕਾਰੀਆਂ ਮੁਤਾਬਕ ਫੌਜ ਅਤੇ ਅਸਾਮ ਰਾਈਫਲਜ਼ ਦੇ ਜਵਾਨਾਂ ਨੇ ਸਵੇਰੇ 10 ਵਜੇ ਕਰਫਿਊ 'ਚ ਢਿੱਲ ਖਤਮ ਹੋਣ ਤੋਂ ਬਾਅਦ ਸ਼ਹਿਰ 'ਚ ਫਲੈਗ ਮਾਰਚ ਕੱਢਿਆ। ਹਿੰਸਾ ਪ੍ਰਭਾਵਿਤ ਸੂਬੇ 'ਚ ਫੌਜ ਦੇ 120 ਤੋਂ 125 'ਕਾਲਮ' ਤਾਇਨਾਤ ਕੀਤੇ ਗਏ ਹਨ। ਸੂਤਰਾਂ ਨੇ ਦੱਸਿਆ ਕਿ ਮਨੀਪੁਰ 'ਚ ਨੀਮ ਫੌਜੀ ਬਲਾਂ ਅਤੇ ਕੇਂਦਰੀ ਪੁਲਸ ਬਲਾਂ ਦੇ ਕਰੀਬ 10,000 ਜਵਾਨ ਵੀ ਤਾਇਨਾਤ ਕੀਤੇ ਗਏ ਹਨ। ਮੁੱਖ ਮੰਤਰੀ ਐਨ ਬੀਰੇਨ ਸਿੰਘ ਨੇ ਕਿਹਾ ਕਿ ਅਮਨ-ਸ਼ਾਂਤੀ ਨਾਲ ਸਬੰਧਤ ਪਹਿਲਕਦਮੀਆਂ ਨੂੰ ਹੇਠਲੇ ਪੱਧਰ ਤੱਕ ਲਾਗੂ ਕਰਨ ਲਈ ਹਰ ਵਿਧਾਨ ਸਭਾ ਹਲਕੇ ਵਿਚ ਸ਼ਾਂਤੀ ਕਮੇਟੀਆਂ ਬਣਾਈਆਂ ਜਾਣਗੀਆਂ।


REXDALE BODY SHOP
USED CAR SALE



CHEEMA
LOWEST PRICE IN TOWN
Specialization In:
* All Kinds of Body Work
* Auto Glass Windshield
* Denting, Painting & Welding
SPECIAL PAINT JOB $779
RENTAL CAR PROVIDED



25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



ਜ਼ਰੂਰੀ ਬੇਨਤੀ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਆਖੰਡ ਪਾਠ ਸਾਹਿਬ ਦਾ ਭੋਗ ੧ਓ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦਵਾਰਾ ਸਾਹਿਬ ਵਿਖੇ 26 ਮਈ ਦਿਨ ਸ਼ੁਕਰਵਾਰ ਨੂੰ ਸਵੇਰੇ 11 ਵਜ੍ਹੇ ਆਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 28 ਮਈ ਦਿਨ ਐਤਵਾਰ ਨੂੰ ਸਵੇਰ 11 ਵਜ੍ਹੇ ਭੋਗ ਪਾਏ ਜਾਣਗੇ। ਸਮੂਹ ਇਲਾਕਾ ਨਿਵਾਸੀ ਸਾਧ ਸੰਗਤ ਨੂੰ ਹੁੰਮ-ਹੁਮਾਕੇ ਪਹੁੰਚਣ ਦੀ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈਂ।

ਵਧੇਰੇ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ:

ਧਰਮਿੰਦਰ ਸਿੰਘ ਸੂਚ 416-879-6824

ਪਰਮਜੀਤ ਸਿੰਘ ਸੂਚ 416-873-7508

ਸਰਬਜੀਤ ਸਿੰਘ ਸੂਚ 416-357-7667

ਗੁਰਮੇਲ ਸਿੰਘ ਸੂਚ 905-814-0756

ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਸਮਾਗਮ 2023



URGENTLY NEED NEW LISTINGS IN BRAMPTON/CALEDON



visit: www.teamjagaujla.com

ADVERTISEMENT GUARANTEED TILL SOLD

JAG AUJLA
MCNE, REAL ESTATE BROKER

416-371-7777

e-mail: j.aujla@rogers.com or visit: www.jagaujla.com

MCNE

CALL JAG AUJLA FOR A QUICK & FREE HOME EVALUATION

www.BramptonTopRealtor.com

RECENTLY LISTED/SOLD IN YOUR NEIGHBOURHOOD

**Hwy 7/ Churchill Rd/Tanners Dr**



ਵਧੀਆ ਲੋਕੇਸ਼ਨ, ਡਬਲ ਸਟੋਰੀ ਘਰ, 3400 ਸਕੇਅਰ ਫੁਟ, 3 ਖੁਲੇ-ਡੁਲੇ ਬੈਡਰੂਮ, ਫਿਨੀਸ਼ਡ ਬੈਸਮੈਂਟ, ਸਟੋਨ ਪੈਟਿਓ, ਪਾਵਰ ਗਰਾਜ਼ ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਸੰਪਰਕ ਕਰੋ।

**Mclaughlin Rd & Steeles Ave**



ਸੋਹਣਾ ਤੇ ਸਾਫ ਸੁਧਰਾ, ਮਾਡਰਨ ਲੇਆਉਟ, 3515 ਸਕੇਅਰ ਫੁਟ ਵਿਚ 4 + 2 ਬੈਡਰੂਮ ਤੇ 5 ਵਾਸ਼ਰੂਮ ਦਾ ਘਰ, ਲੈਮੀਨੇਟ ਫਲੋਰ, ਨਵੇ ਰੂਫ ਸ਼ਿੰਗਲ, ਪਿਛਲੇ ਸਾਲ ਬਣੀ ਬੈਸਮੈਂਟ। ਸੰਪਰਕ ਕਰੋ

**Wanless /Queen Mary /Mclaughlin**



2016 ਵਿਚ ਬਣਿਆ, ਡਬਲ ਡੋਰ ਗਰਾਜ਼, 4364 ਸਕੇਅਰ ਫੁਟ, 4 ਖੁਲੇ-ਡੁਲੇ ਬੈਡਰੂਮ ਤੇ 5 ਵਾਸ਼ਰੂਮ, ਫਿਨੀਸ਼ਡ ਬੈਸਮੈਂਟ ਜਿਸ ਨੂੰ ਸੈਪਰੇਟ ਏਨੰਟਰੈਂਸ ਤੇ 2 ਬੈਡਰੂਮ ਲਈ ਸੰਪਰਕ ਕਰੋ।

**Chinguacousy & Bovaird**



ਸ਼ਾਨਦਾਰ ਤੇ ਸਾਫ ਸੁਧਰਾ, ਮਾਡਰਨ ਲੇਆਉਟ ਵਿਚ 4 ਬੈਡਰੂਮ ਤੇ 4 ਵਾਸ਼ਰੂਮ ਦਾ ਘਰ, ਲੈਮੀਨੇਟ ਫਲੋਰ, ਅਪਗ੍ਰੇਡਡ ਕਿਚਨ, ਫਿਨੀਸ਼ ਬੈਸਮੈਂਟ ਤੇ ਹੋਰ ਵੀ ਕਈ ਅਪਗ੍ਰੇਡਜ਼, ਸੰਪਰਕ ਕਰੋ।

FREE
- Full MLS services
- Consistent marketing until your property is sold
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold
- Competitive rates, exceptional service & award winning results


RE/MAX REALTY SPECIALISTS INC.
Ph:905-456-3232

JAG AUJLA
MCNE, Real Estate Broker
416-371-7777

NOT INTENDED TO SOLICIT BUYERS OR SELLERS CURRENTLY UNDER CONTRACT



Dr. Randhawa Dentistry



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044








Grand Upholstery Ltd
Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ **L Shape** ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017